3597

# Office of Assistant Returning Officer-Jalandhar-04(P.C) - Assembly Segment 035 Jalandhar Central-cum-Sub Divisional Magistrate, Jalandhar-1

District Administrative Complex, Ladowali Road, Jalandhar
Phone: 0181-2225007 Email:ero.35jalcentral@gmail.com

ਵੱਲ:-

1) ਜ਼ਿਲ੍ਹਾਂ ਸਿਖਿਆ ਅਫਸਰ ਸੈਕੰਡਰੀ ਅਤੇ ਪ੍ਰਾਇਮਰੀ, ਜਲੰਧਰ ।
2) ਸਮੂਹ ਵਿਭਾਗਾਂ ਦੇ ਮੁੱਖੀ, ਹਲਕਾ 035-ਜਲੰਧਰ ਸੈਂਟਰਲ ।

2023112099
22/8/2023

ਪੱਤਰ ਨੰ: ਚੋਣਾਂ/2023-3597-98 ਮਿਤੀ- 21/08/2023

ਵਿਸ਼ਾ- Special Summary Revision of Photo Electoral w.r.t. 01.01.2024 as the qualifying date regarding-House to House Verification by BLOs.

ਹਵਾਲਾ:- ਇਸ ਦਫਤਰ ਦੇ ਪੱਤਰ ਨੰਬਰ: ਚੋਣਾਂ/2023-3529 ਮਿਤੀ 26-07-2023 ਦੀ ਲਗਾਤਾਰਤਾ ਵਿੱਚ ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ ਅਨੁਸਾਰ ਫੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸਮੀਰ ਰਿਵੀਜ਼ਨ (ਯੋਗਤਾ ਮਿਤੀ 01-01-2024) ਸਬੰਧੀ ਕੀਤੀਆਂ ਜਾਣ ਵਾਲੀਆਂ ਪ੍ਰੀ-ਰਿਵੀਜ਼ਨ ਗਤੀਵਿਧੀਆਂ ਤਹਿਤ ਮਿਤੀ 21-07-2023 ਤੋਂ ਬੀ.ਐਲ.ਓਜ਼ ਵੱਲੋਂ ਸਬੰਧਤ ਸੁਪਰਵਾਈਜ਼ਰ ਦੀ ਨਿਗਰਾਨੀ ਹੇਠ ਆਪਣੇ-ਆਪਣੇ ਬੂਥ ਵਿੱਚ ਹਾਊਸ-ਟੂ-ਹਾਊਸ ਸਰਵੇ ਕੀਤਾ ਜਾ ਰਿਹਾ ਹੈ, ਜ਼ੋ ਕਿ ਮਿਤੀ 21-08-2023 ਤੱਕ ਮੁਕੰਮਲ ਕੀਤਾ ਜਾਣਾ ਸੀ, ਪ੍ਰੰਤੂ ਭਾਰਤ ਚੋਣ ਕਮਿਸ਼ਨ ਦੇ ਪੱਤਰ ਨੰ:23/PB/2023/NS-1, ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ, ਜੀ ਦੇ ਦਫਤਰ ਦੇ ਪੱਤਰ ਨੰ: 2023/ਵ.ਸ-4193 ਮਿਤੀ 27-07-2023 ਅਤੇ ਜ਼ਿਲ੍ਹਾਂ ਚੋਣ ਅਫਸਰ, ਜਲੰਧਰ ਜੀ ਦੇ ਪੱਤਰ ਨੰਬਰ: ਚੋਣ-2023/3713 ਮਿਤੀ 28-07-2023 ਵਿੱਚ ਦਰਜ ਹਦਾਇਤਾਂ ਅਨੁਸਾਰ ਸਰਵੇ ਦੇ ਕੰਮ ਲਈ 10 ਦਿਨ ਦਾ ਵਾਧਾ ਦਿੱਤਾ ਗਿਆ ਹੈ । ਇਸ ਲਈ ਬੀ.ਐਲ.ਓਜ਼. ਵੱਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਆਪ ਦੇ ਅਧੀਨ ਕੰਮ ਕਰਦੇ ਕਰਮਚਾਰੀ ਜਿੰਨ੍ਹਾਂ ਦੀ ਡਿਊਟੀ ਵਿਧਾਨ ਸਭਾ ਚੋਣ ਹਲਕਾ 035-ਜਲੰਧਰ ਕੇਂਦਰੀ ਵਿੱਚ ਲੱਗੀ ਹੋਈ ਹੈ, ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਹਦਾਇਤ ਕੀਤੀ ਜਾਵੇ ਕਿ ਜੇਕਰ ਉਨ੍ਹਾਂ ਦਾ ਕੰਮ ਮੁਕੰਮਲ ਨਹੀਂ ਹੈ ਤਾਂ ਉਹ ਇਸ ਕੰਮ ਲਈ ਮਿਲੇ ਵਾਧੂ ਸਮੇਂ ਵਿੱਚ ਮਿਤੀ 31-08-2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਅਤੇ ਕੀਤੇ ਜਾ ਰਹੇ ਕੰਮ ਦੀ ਪ੍ਰਗਤੀ ਰਿਪੋਰਟ ਹਰ ਸੋਮਵਾਰ ਅਤੇ ਵੀਰਵਾਰ ਨੂੰ ਸੁਪਰਵਾਈਜ਼ਰ ਰਾਹੀਂ ਨਿਮਨਹਸਤਾਖਰ ਨੂੰ ਭੇਜਣਗੇ ।

ਉਕਤ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਲਈ ਸਮੂਹ ਟੀਚਿੰਗ/ਨਾਨ ਟੀਚਿੰਗ ਸਟਾਫ ਅਤੇ ਹੋਰ ਵਿਭਾਗਾਂ ਦੇ ਕਰਮਚਾਰੀ ਜਿੰਨ੍ਹਾਂ ਦੀ ਬਤੌਰ ਬੀ.ਐਲ.ਓ. ਵਿਧਾਨ ਸਭਾ ਚੋਣ ਹਲਕਾ 035-ਜਲੰਧਰ ਕੇਂਦਰੀ ਵਿਖੇ ਸੁਪਰਵਾਈਜ਼ਰ/ਬੀ.ਐਲ.ਓ. ਦਾ ਕੰਮ ਕਰ ਰਹੇ ਹਨ, ਨੂੰ ਉਕਤ ਸਮੇਂ ਦੌਰਾਨ ਆਪਣੀ ਵਿਭਾਗੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਅਤੇ ਹੋਰ ਕਿਸੇ ਵਿਭਾਗੀ ਕੰਮ ਲਈ ਡਿਊਟੀ ਨਾ ਲਗਾਈ ਜਾਵੇ ।

ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਚੋਣਕਾਰ ਰਜਿਸਟਰੇਸ਼ਨ ਅਫਸਰ
035 ਜਲੰਧਰ ਕੇਂਦਰੀ-ਕਮ-
ਉਪ ਮੰਡਲ ਮੈਜਿਸਟਰੇਟ ਜਲੰਧਰ-1
ਮਿਤੀ- 21/08/2023

ਪਿੱਠ ਅੰਕਣ ਨੰਬਰ: ਚੋਣਾਂ-2023/3599-3601

ਉਪਰੋਕਤ ਦਾ ਉਤਾਰਾ :-

1) ਜ਼ਿਲ੍ਹਾਂ ਚੋਣ ਅਫਸਰ, ਜਲੰਧਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।
2) ਸਮੂਹ ਸੁਪਰਵਾਈਜ਼ਰ,ਵਿਧਾਨ ਸਭਾ ਚੋਣ ਹਲਕਾ,035 ਜਲੰਧਰ ਕੇਂਦਰੀ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਡੋਰ ਟੂ ਡੋਰ ਸਰਵੇ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਆਪਣੇ ਅਧੀਨ ਆਉਂਦੇ ਬੀ.ਐਲ.ਓਜ਼ ਨੂੰ ਹਦਾਇਤਾਂ ਜਾਰੀ ਕੀਤੀਆ ਜਾਣ ਅਤੇ ਮੁਕੰਮਲ ਕੀਤੇ ਕੰਮ ਦੀ ਰਿਪੋਰਟ ਹਰ ਸੋਮਵਾਰ ਅਤੇ ਵੀਰਵਾਰ ਹਰ ਹਾਲਤ ਵਿੱਚ ਇਸ ਦਫਤਰ ਨੂੰ ਪੁੱਜਦੀ ਕੀਤੀ ਜਾਵੇ ।
3) ਸਮੂਹ ਬੀ.ਐਲ.ਓਜ਼,ਵਿਧਾਨ ਸਭਾ ਚੋਣ ਹਲਕਾ,035 ਜਲੰਧਰ ਕੇਂਦਰੀ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਡੋਰ ਟੂ ਡੋਰ ਸਰਵੇ ਦਾ ਕੰਮ ਨਿਯਮਾਂ ਅਨੁਸਾਰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ ਅਤੇ ਹਰ ਬੀ.ਐਲ.ਓ. ਵੱਲੋਂ ਹਰ ਹਫ਼ਤੇ ਦੇ ਸੋਮਵਾਰ ਅਤੇ ਵੀਰਵਾਰ ਨੂੰ ਕੀਤੇ ਕੰਮ ਦੀ ਰਿਪੋਰਟ ਆਪਣੇ-ਆਪਣੇ ਸੁਪਰਵਾਈਜ਼ਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ ।

ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿੱਠ ਅੰਕਣ ਨੰ. ਸੀ-4/2023 236851
ਮਿਤੀ ਜਲੰਧਰ 23/8/23

ਚੋਣਕਾਰ ਰਜਿਸਟਰੇਸ਼ਨ ਅਫਸਰ
035 ਜਲੰਧਰ ਕੇਂਦਰੀ-ਕਮ-
ਉਪ ਮੰਡਲ ਮੈਜਿਸਟਰੇਟ ਜਲੰਧਰ-1

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ਇਸ ਦਫਤਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

ਜ਼ਿਲ੍ਹਾ ਸਿੱਖਿਆ ਅਫਸਰ (ਸ.ਸ.)
ਜਲੰਧਰ

ਵਕਤ ਵੋਟ ਲਈ ਨਿਕਾਲੋ

ਜ਼ਿੰਮੇਵਾਰੀ ਕਦੇ ਨਾ ਟਾਲੋ

ਦਫ਼ਤਰ ਸਬ ਡਵੀਜ਼ਨਲ ਮੈਜਿਸਟਰੇਟ, ਸ਼ਾਹਕੋਟ-ਕਮ-ਚੋਣਕਾਰ ਰਜਿਸਟਰੇਸ਼ਨ ਅਫ਼ਸਰ, ਵਿਧਾਨ ਸਭਾ ਚੋਣ ਹਲਕਾ, 032 ਸ਼ਾਹਕੋਟ

Office of Sub Divisional Magistrate , Shahkot -cum-Electoral Registration Officer, AC 032 Shahkot

Phone No. 01821-260991, Email- ro.32shahkot2018@gmail.com

ਸੇਵਾ ਵਿਖੇ

1. ਜ਼ਿਲ੍ਹਾ ਸਿੱਖਿਆ ਅਫ਼ਸਰ (ਸੀ.ਸੈ./ਐਲੀ.), ਜਲੰਧਰ।
2. ਸਮੂਹ ਵਿਭਾਗਾਂ ਦੇ ਮੁਖੀ ਚੋਣ ਹਲਕਾ 032 ਸ਼ਾਹਕੋਟ।

202312795 ਸੀ-4 23/8/2023 23/8/23

ਨੰਬਰ 1305 /ਚੋਣ ਮਿਤੀ 22.08.2023

ਵਿਸ਼ਾ:- Special Summary Revision of Photo Electoral Rolls w.r.t. 01.01.2024 as the qualifying date regarding.

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਅਧੀਨ ਮਾਣਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਪਾਸੋਂ ਪ੍ਰਾਪਤ ਹਦਾਇਤਾਂ ਦੀ ਪਾਲਣਾਂ ਕਰਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਰਸਰੀ ਸੁਧਾਈ ਤੇ ਯੋਗਤਾ ਮਿਤੀ 01.01.2024 ਦੇ ਆਧਾਰ ਤੇ ਮਿਤੀ 01.07.2023 ਤੋਂ ਬੀ.ਐਲ.ਓਜ਼. ਵਲੋਂ ਆਪਣੇ ਬੂਥਾਂ ਵਿਚ ਡੋਰ ਟੂ ਡੋਰ ਸਰਵੇ ਕੀਤਾ ਜਾਣਾ ਹੈ। ਇਸ ਲਈ ਆਪ ਦੇ ਅਧੀਨ ਕੰਮ ਕਰਦੇ ਕਰਮਚਾਰੀ ਜਿਹਨਾਂ ਦੀ ਡਿਊਟੀ ਬਤੌਰ ਬੀ.ਐਲ.ਓ. ਇਸ ਵਿਧਾਨ ਸਭਾ ਹਲਕਾ 032 ਸ਼ਾਹਕੋਟ ਵਿਚ ਲੱਗੀ ਹੈ, ਉਹਨਾਂ ਦੀ ਲਿਖਤੀ ਰੂਪ ਵਿਚ ਹਦਾਇਤ ਕੀਤੀ ਗਈ ਸੀ ਕਿ ਉਹ ਇਸ ਕੰਮ ਨੂੰ ਮਿਤੀ 21.07.2023 ਤੋਂ 21.08.2023 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਣਾ ਸੀ। **ਪ੍ਰੰਤੂ ਹੁਣ 22.08.2023 ਤੋਂ 31.08.2023 ਤੱਕ ਡੋਰ ਟੂ ਡੋਰ ਸਰਵੇ ਦਾ ਕੰਮ ਔਫਲਾਈਨ ਚੱਲੇਗਾ। BLO ਐਪ ਤੇ ਡਰਾਫਟ ਮੋਡ ਤੋਂ BLO ਦੁਆਰਾ ਫੀਲਡ ਵੈਰੀਫਾਈਡ ਵੋਟਰ ਡੇਟਾ ਨੂੰ ਅਪਲੋਡ ਕੀਤਾ ਜਾ ਸਕਦਾ ਹੈ।** ਇਸ ਲਈ ਆਪ ਦੇ ਸਕੂਲਾਂ/ਦਫ਼ਤਰਾਂ/ਵਿਭਾਗਾਂ ਦੇ ਕੰਮਾਂ-ਕਾਰਾਂ ਨੂੰ ਦੇਖਦਿਆ ਮਿਤੀ 31.08.2023 ਤੱਕ ਹੋਣ ਵਾਲੇ ਡੋਰ ਟੂ ਡੋਰ ਸਰਵੇ ਵਿਚ ਹਫ਼ਤੇ ਵਿਚ ਹਰ ਸੋਮਵਾਰ ਅਤੇ ਬੁੱਧਵਾਰ ਨੂੰ ਆਪਣੇ ਸਕੂਲਾਂ/ਦਫ਼ਤਰਾਂ/ਵਿਭਾਗਾਂ ਵਿਖੇ ਹਾਜ਼ਰ ਆਇਆ ਜਾਵੇ ਅਤੇ ਬਾਕੀ ਦਿਨ ਡੋਰ ਟੂ ਡੋਰ ਸਰਵੇ ਦਾ ਕੰਮ ਨਿਰਧਾਰਤ ਮਿਤੀ ਤੱਕ ਹਰ ਹਾਲਤ ਮੁਕੰਮਲ ਕਰਨਗੇ।

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼. ਵਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਇਸ ਦੌਰਾਨ ਟੀਚਿੰਗ/ਨਾਨ-ਟੀਚਿੰਗ ਸਟਾਫ਼/ਹੋਰ ਸਾਰੇ ਵਿਭਾਗਾਂ ਦੇ ਕਰਮਚਾਰੀ ਜੋ ਕਿ ਬਤੌਰ ਬੀ.ਐਲ.ਓਜ਼. ਹਲਕੇ ਵਿਚ ਕੰਮ ਕਰ ਰਹੇ ਹਨ, ਨੂੰ ਇਸ ਸਮੇਂ ਦੌਰਾਨ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਦਫ਼ਤਰੀ/ਸਕੂਲੀ ਡਿਊਟੀ ਤੋਂ ਫਾਰਗ ਕੀਤਾ ਜਾਵੇ।

ਨੋਟ:- ਚੋਣ ਡਿਊਟੀ ਵਿਚ ਕੁਤਾਹੀ ਜਾਂ ਕਿਸੇ ਕਰਮਚਾਰੀ ਨੂੰ ਚੋਣ ਡਿਊਟੀ ਕਰਨ ਤੋਂ ਰੋਕਣ ਤੇ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕਾ 032 ਸ਼ਾਹਕੋਟ।

ਪਿੱਠ ਅੰ. ਨੰ. 1306 /ਚੋਣ ਮਿਤੀ 22.08.2023

ਉਕਤ ਦਾ ਇੱਕ ਉਤਾਰਾ:-

1. ਮਾਣਯੋਗ ਜ਼ਿਲ੍ਹਾ ਚੋਣ ਅਫ਼ਸਰ, ਜਲੰਧਰ ਜੀ ਨੂੰ ਸੂਚਨਾ ਹਿੱਤ।
2. ਮਾਸਟਰ ਟ੍ਰੇਨਰ ਚੋਣ ਹਲਕਾ 032 ਸ਼ਾਹਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵਲੋਂ ਸਮੇਂ ਸਮੇਂ ਤੇ ਬੁਲਾਉਣ ਤੇ ਹਾਜ਼ਰ ਆਉਣਾ ਯਕੀਨੀ ਬਣਾਇਆ ਜਾਵੇ।
3. ਸਮੂਹ ਸੈਕਟਰ ਅਫ਼ਸਰ ਚੋਣ ਹਲਕਾ 032 ਸ਼ਾਹਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਹਰ ਬੂਥ ਦੀ ਹਫ਼ਤੇ ਵਿਚ ਦੋ ਵਾਰ ਰਿਪੋਰਟ ਸਮੇਤ ਦਸਤਖ਼ਤ ਭੇਜੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕਾ 032 ਸ਼ਾਹਕੋਟ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ, ਜਲੰਧਰ
ਪਿਠ ਅੰਕਣ ਨੰ. ਸੀ-4/2023 236856
ਮਿਤੀ ਜਲੰਧਰ 23/8/23

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਜਲੰਧਰ

ਵੋਟਰ ਬਣੋ-ਜ਼ਿੰਮੇਵਾਰ ਬਣੋ

Be Voter-Be Responsible

# Office of Sub Divisional Magistrate -cum- Electoral Registraion Officer -031 Nakodar.

ero.nakodar031@gmail.com,01821-220043

Letter 7930/Elec. Dated 23/8/2023

2023112562
23/8/2023

ਹੁਕਮ

ਇਹਨਾਂ ਹੁਕਮਾਂ ਰਾਹੀਂ ਮੈ ਕੰਵਲਜੀਤ ਸਿੰਘ (ਪੀ.ਸੀ.ਐਸ) ਐਸ.ਡੀ.ਐਮ ਨਕੋਦਰ ਮਾਣਯੋਗ ਮੁੱਖ ਚੋਣ ਅਫਸਰ ਪੰਜਾਬ ਜੀ ਵੱਲੋਂ ਪ੍ਰਾਪਤ ਦੀਆ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ ਹੇਠ ਲਿਖੇ ਕਰਮਚਾਰੀਆਂ ਦੀ ਡਿਊਟੀ ਬੂਥ ਲੇਵਲ ਅਫਸਰ (ਸਿਰਫ ਆਂਗਨਵਾੜੀ ਵਰਕਰ)ਨਾਲ ਲਗਾਈ ਜਾਂਦੀ ਹੈ ਤਾਂ ਜੋ ਬੀ.ਐਲ ਓ ਐਪ ਤੇ ,ਹਾਊਸ ਟੂ ਹਾਊਸ ਸਰਵੇ ਦਾ ਡਾਟਾ ਮਿਤੀ 31/08/2023 ਤੱਕ ਫੀਡ ਕੀਤਾ ਜਾ ਸਕੇ ਕਿਉ ਜੋ H2H ਸਰਵੇ ਦੇ ਕੰਮ ਨੂੰ ਸਮੇਂ ਸਿਰ ਨੇਪਰੇ ਚੜਿਆ ਜਾਣਾ ਹੈ ਇਹ ਕੰਮ ਆਪ ਆਪਣੇ ਪਿੱਤਰੀ ਵਿਭਾਗ ਵਿਖੇ ਦਫਤਰੀ ਕੰਮਾਂ ਦੇ ਨਾਲ ਨਾਲ ਕਰਨ ਦੇ ਪਾਬੰਦ ਹੋਵੇਗੇ ਜੇਕਰ ਆਪ ਵੱਲੋਂ ਇਸ ਡਿਊਟੀ ਨੂੰ ਜੁਆਇਨ ਨਹੀ ਕੀਤਾ ਜਾਂਦਾ ਹੈ ਤਾਂ ਆਪ ਖਿਲਾਫ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 1950 (32B)ਅਨੁਸਾਰ ਕਾਰਵਾਈ ਕਰਨ ਤੋਂ ਕੋਈ ਗੁਰੇਜ ਨਹੀਂ ਕੀਤਾ ਜਾਵੇਗਾ ।

ਇਹ ਹੁਕਮ ਤੁਰੰਤ ਪ੍ਰਭਾਵ ਵਿਚ ਲੱਗੂ ਕੀਤੇ ਜਾਂਦੇ ਹਨ

| ਲੜੀ ਨੰ | ਅਧਿਕਾਰੀ ਕਰਮਚਾਰੀ ਦਾ ਨਾਮ ਅਤੇ ਮੋਬਾਇਲ ਨੰ | ਅਹੁਦਾ | ਸਕੂਲ/ਦਫਤਰ/ਵਿਭਾਗ ਦਾ ਨਾਮ |
|---|---|---|---|
| 1 | ਸ਼੍ਰੀਮਤੀ ਹਰਪ੍ਰੀਤ ਕੌਰ (95928-00592) | ਕੰਪਿਊਟਰ ਟੀਚਰ | ਸ.ਸ.ਸ.ਸਕੂਲ ਸਰੀਂਹ |
| 2 | ਸ਼੍ਰੀਮਤੀ ਰਾਜਵੰਤ ਕੌਰ (9876903175) | ਕੰਪਿਊਟਰ ਟੀਚਰ | ਸ.ਕੰ.ਸ.ਸ.ਸਕੂਲ ਸਰੀਂਹ |
| 3 | ਵੀਰਮ ਸੈਨੀ (9878496076) | ਕੰਪਿਊਟਰ ਟੀਚਰ | ਸ.ਸ.ਸ.ਸਕੂਲ ਨਕੋਦਰ (ਲੜਕੇ) |
| 4. | ਸੋਨਿਕਾ (90419-70387) | ਕੰਪਿਊਟਰ ਟੀਚਰ | ਸ.ਕੰ.ਸ.ਸ.ਸਕੂਲ ਨਕੋਦਰ |

ਉਕਤ ਕੰਮ ਲਈ ਆਪ ਨੂੰ ਇਸ ਐਪ ਵਿਚ ਕੰਮ ਕਰਨ ਦੀ ਕਾਪੀ ਜਲਦ ਹੀ ਭੇਜ ਦਿੱਤੀ ਜਾਵੇਗੀ

ਉਪ ਮੰਡਲ ਮੈਜਿਸਟ੍ਰੇਟ-ਕਮ-
ਚੋਣਕਾਰ ਰਜਿਸਟ੍ਰੇਸ਼ਨ ਅਫਸਰ
ਚੋਣ ਹਲਕਾ 031 ਨਕੋਦਰ।

ਪਿਠ ਅੰਕਣ ਨੰ 7931-33 ਚੋਣ/ਮਿਤੀ 23/8/2023

ਇਸ ਦਾ ਇੱਕ ਉਤਾਰਾ

1. ਜਿਲ੍ਹਾ ਚੋਣ ਅਫਸਰ ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਜਿਲ੍ਹਾ ਸਿਖਿਆ ਅਫਸਰ ਪ੍ਰਾਇਮਰੀ ਅਤੇ ਸਕੈਂਡਰੀ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਧਿਕਾਰੀ/ਕਰਮਚਾਰੀ ਨੂੰ ਤੁਰੰਤ ਡਿਉਟੀ ਨੋਟ ਕਰਵਾ ਦਿੱਤੀ ਜਾਵੇ ਜੀ ।

3 ਸਮੂਹ ਸੈਕਟਰ ਅਫਸਰ ਚੋਣ ਹਲਕਾ 031 ਨਕੋਦਰ ਨੂੰ ਪੱਤਰ ਦੀ ਕਾਪੀ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਜੋ ਬੀ.ਐਲ.ਓਜ ਆਂਗਨਵਾੜੀ ਵਰਕਰ ਹਨ ਜਿਨ੍ਹਾ ਦਾ ਕੰਮ ਹੁਣ ਤੱਕ 10 ਪ੍ਰਤਿਸ਼ਤ ਤੋ ਘੱਟ ਹੈ ( ਹਲਕਾ 031 ਨਕੋਦਰ)ਨੂੰ ਉਪਰੋਕਤ ਟੇਕਨੀਕਲ ਕੰਪਿਊਟਰ ਟੀਚਰ ਅਲਾਟ ਕੀਤੇ ਗਏ ਹਨ ਬੀ.ਐਲੋ.ਓਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋ ਸਬੰਧਤ ਬੂਥ ਦੇ ਡਾਟੇ ਨੂੰ ਇਕੱਤਰ ਕਰਨ ਉਪਰੰਤ ਉਪਰੋਕਤ ਟੀਚਰ ਨਾਲ ਤਾਲ ਮੇਲ ਕਰਨ ਉਪਰੰਤ ਹਾਉਸ ਟੂ ਹਾਉਸ ਸਰਵੇ ਦਾ ਡਾਟਾ ਫੀਡ ਕਰਵਾਇਆ ਜਾਵੇ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਡਾਟਾ ਬਿਲਕੁਲ ਸਹੀ ਤੇ ਦਰੁਸਤ ਹੀ ਪੋਰਟਲ ਤੇ ਚੜਾਇਆ ਜਾਵੇ ਜੇਕਰ ਕੁਝ ਗਲਤ ਪਾਇਆ ਜਾਂਦਾ ਹੈ ਤਾ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸੈਕਟਰ ਅਫਸਰ ਅਤੇ ਉਸ ਬੀ.ਐਲ.ਓ ਦੀ ਹੋਵੇਗੀ ।

ਉਪ ਮੰਡਲ ਮੈਜਿਸਟ੍ਰੇਟ-ਕਮ-
ਚੋਣਕਾਰ ਰਜਿਸਟ੍ਰੇਸ਼ਨ ਅਫਸਰ
ਚੋਣ ਹਲਕਾ 031 ਨਕੋਦਰ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ, ਜਲੰਧਰ
ਪਿਠ ਅੰਕਣ ਨੰ. ਸੀ-4/2023236852
ਮਿਤੀ ਜਲੰਧਰ 23/8/23

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਸਮੇਤ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸਰਕਾਰੀ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਕਰਮਚਾਰੀਆਂ ਨੂੰ ਸਕੂਲ ਦੇ ਕੰਮ ਦੇ ਨਾਲ-2 ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ।

23/8/23

Scanned with CamScanner

**Be Voter-Be Responsible** ਵੋਟਰ ਬਣੋ-ਜ਼ੁੰਮੇਵਾਰ ਬਣੋ

VOTE INDIA

**Office of the Addl. Chief Administrator-cum-Electoral Registration Officer,
036-Jalandhar North, S.C.O No. 41 Puda Complex Ladowali Road, Jalandhar**
ਦਫਤਰ ਜਲੰਧਰ ਡਿਵੈਲਪਮੈਂਟ ਅਥਾਰਟੀ-ਕਮ- ਚੋਣਕਾਰ ਰਜਿਸਟਰੇਸ਼ਨ ਅਫਸਰ
036-ਜਲੰਧਰ (ਉੱਤਰੀ), ਐਸ.ਸੀ.ਓ. ਨੰ: 41, ਪੁੱਡਾ ਕੰਪਲੈਕਸ ਲਾਡੋਵਾਲੀ ਰੋਡ, ਜਲੰਧਰ
**Email:- ero036jalnorth@gmail.com**

---

ਵੱਲ,

1) ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ (ਸੈ.ਸਿ),
ਜਲੰਧਰ।

2) ਸਮੂਹ ਵਿਭਾਗਾਂ ਦੇ ਮੁੱਖੀ,
ਜਲੰਧਰ।

ਪੱਤਰ ਨੰਬਰ- ਈ.ਆਰ.ਓ/036-ਜਲੰ.(ਉੱਤਰੀ)/2023- 5705—06 ਮਿਤੀ 22/08/2023

23/8/2023

ਵਿਸ਼ਾ- ਵਿਧਾਨ ਸਭਾ ਚੋਣ ਹਲਕਾ 036 ਜਲੰਧਰ ਉੱਤਰੀ Regarding Special Summary Revision of Photo Electrol Rolls ( w.r.t. 2024 as the qualiyfying date) House to Houe Verificatin by BLO's.

ਹਵਾਲਾ- ਇਸ ਦਫ਼ਤਰ ਦੇ ਪੱਤਰ ਨੰਬਰ- ਚੋਣਾਂ-2023/5616 ਮਿਤੀ 24/07/2023 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਫੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਿਵੀਜ਼ਨ (ਯੋਗਤਾ ਮਿਤੀ 01.01.2024) ਸਬੰਧੀ ਕੀਤੀਆਂ ਜਾਣ ਵਾਲੀਆਂ ਪ੍ਰੀ-ਰਿਵੀਜ਼ਨ ਗਤੀਵਿਧੀਆਂ ਤਹਿਤ ਮਿਤੀ 21.07.2023 ਤੋਂ ਬੀ.ਐਲ.ਓਜ਼ ਵੱਲੋਂ ਸਬੰਧਤ ਸੁਪਰਵਾਈਜ਼ਰ ਦੀ ਨਿਗਰਾਨੀ ਹੇਠ ਆਪਣੇ-ਆਪਣੇ ਬੂਥ ਵਿਚ ਹਾਊਸ-ਟੂ-ਹਾਊਸ ਸਰਵੇ (H2H Survey) ਕੀਤਾ ਜਾ ਰਿਹਾ ਹੈ ਜੋ ਕਿ ਮਿਤੀ 21.08.2023 ਤੱਕ ਮੁਕੰਮਲ ਕੀਤਾ ਜਾਣਾ ਸੀ, ਪ੍ਰੰਤੂ ਭਾਰਤ ਚੋਣ ਕਮਿਸ਼ਨ ਦੇ ਪੱਤਰ ਨੰ 23/PB/2023/NS-1 ਮਿਤੀ 25.07.2023, ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੇ ਦਫਤਰ ਦੇ ਪੱਤਰ ਨੰ ਚੋਣ-2023/ਵ.ਸ.-4193 ਮਿਤੀ 27.07.2023 ਅਤੇ ਜ਼ਿਲ੍ਹਾ ਚੋਣ ਅਫਸਰ, ਜਲੰਧਰ ਜੀ ਦੇ ਪੱਤਰ ਨੰ ਚੋਣ-2023/3713 ਮਿਤੀ 28.07.2023 ਵਿਚ ਦਰਜ ਹਦਾਇਤਾਂ ਅਨੁਸਾਰ ਸਰਵੇ ਦੇ ਕੰਮ ਲਈ 10 ਦਿਨ ਦਾ ਵਾਧਾ ਦਿੱਤਾ ਗਿਆ ਹੈ ਇਸ ਲਈ ਆਪ ਅਧੀਨ ਕੰਮ ਕਰਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਵਿਧਾਨ ਸਭਾ ਚੋਣ ਹਲਕਾ 036 ਜਲੰਧਰ ਉੱਤਰੀ ਵਿਖੇ ਬਤੌਰ ਬੀ.ਐਲ.ਓ/ਸੁਪਰਵਾਈਜ਼ਰ ਲੱਗੀ ਹੈ, ਉਨ੍ਹਾਂ ਨੂੰ ਲਿਖਤੀ ਰੂਪ ਵਿਚ ਹਦਾਇਤ ਕੀਤੀ ਜਾਵੇ ਕਿ ਜੇਕਰ ਉਨ੍ਹਾਂ ਦਾ ਕੰਮ ਮੁਕੰਮਲ ਨਹੀਂ ਹੈ ਤਾਂ ਉਹ ਇਸ ਕੰਮ ਲਈ ਮਿਲੇ ਵਾਧੂ ਸਮੇਂ ਵਿਚ ਮਿਤੀ 31.08.2023 ਤੱਕ ਹਰ ਹਾਲਤ ਵਿਚ ਮੁਕੰਮਲ ਕਰਨਗੇ ਅਤੇ ਕੀਤੇ ਜਾ ਰਹੇ ਕੰਮ ਦੀ ਪ੍ਰਗਤੀ ਰਿਪੋਰਟ ਹਰ ਸੋਮਵਾਰ ਅਤੇ ਵੀਰਵਾਰ ਨੂੰ ਸੁਪਰਵਾਈਜ਼ਰ ਰਾਹੀਂ ਨਿਮਨਹਸਤਾਖਰੀ ਨੂੰ ਭੇਜਣਗੇ।

'ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਦਫਤਰ ਦੇ ਹਵਾਲਾ ਅਧੀਨ ਪੱਤਰ ਰਾਹੀਂ ਵਿਧਾਨ ਸਭਾ ਚੋਣ ਹਲਕਾ 036 ਜਲੰਧਰ ਉੱਤਰੀ ਅਧੀਨ ਕੰਮ ਕੰਰਦੇ ਸਮੂਹ ਸੁਪਰਵਾਈਜ਼ਰ/ਬੀ.ਐਲ.ਓਜ਼ ਨੂੰ ਵਿਭਾਗ ਡਿਊਟੀ ਤੋਂ (ਸਿਵਾਏ ਸੋਮਵਾਰ ਅਤੇ ਬੁੱਧਵਾਰ) ਛੋਟ ਦਿਵਾਈ ਗਈ ਸੀ, ਇਸ ਪੱਤਰ ਰਾਹੀਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਸਰਵੇ ਦੇ ਕੰਮ ਲਈ ਵਿਭਾਗੀ ਡਿਊਟੀ ਤੋਂ ਛੋਟ ਲਈ 10 ਦਿਨ ਦਾ ਵਾਧਾ (ਮਿਤੀ 31.08.2023 ਤੱਕ) ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਸਮੂਹ ਟੀਚਿੰਗ/ਨਾਨ ਟੀਚਿੰਗ ਸਟਾਫ ਅਤੇ ਹੋਰ ਵਿਭਾਗਾਂ ਦੇ ਕਰਮਚਾਰੀ ਜੋ ਵਿਧਾਨ ਸਭਾ ਚੋਣ ਹਲਕਾ 036 ਜਲੰਧਰ ਉੱਤਰੀ ਵਿਖੇ ਸੁਪਰਵਾਈਜ਼ਰ/ਬੀ.ਐਲ.ਓ ਦਾ ਕੰਮ ਕਰ ਰਹੇ ਹਨ, ਨੂੰ ਉਕਤ ਸਮੇਂ ਦੌਰਾਨ ਵਿਭਾਗੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਅਤੇ ਹੋਰ ਕਿਸੇ ਵਿਭਾਗੀ ਕੰਮ ਲਈ ਵਾਧੂ ਡਿਊਟੀ ਨਾ ਲਗਾਈ ਜਾਵੇ। ਜੇਕਰ ਕਿਸੇ ਸਕੂਲ ਵਿਚ ਇਕ ਜਾਂ ਇਕ ਤੋਂ ਵੱਧ ਕਰਮਚਾਰੀਆਂ ਦੀ ਡਿਊਟੀ ਬਤੌਰ ਸੁਪਰਵਾਈਜ਼ਰ/ਬੀ.ਐਲ.ਓ ਲੱਗੀ ਹੈ, ਤਾਂ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਉਸ ਸਕੂਲ ਵਿਚ ਅਧਿਆਪਕ ਦਾ ਪ੍ਰਬੰਧ ਕਰਨ ਲਈ ਜਿੰਮੇਵਾਰ ਹੋਣਗੇ। ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
036- ਜਲੰਧਰ (ਉੱਤਰੀ)-ਕਮ-
ਵਧੀਕ ਮੁੱਖ ਪ੍ਰਸ਼ਾਸਕ, ਜੇਡੀਏ, ਜਲੰਧਰ

ਪਿੱਠ ਅੰਕਣ ਨੰਬਰ- ਈ.ਆਰ.ਓ/036-ਜਲੰ.(ਉੱਤਰੀ)/2023- 5707-08 ਮਿਤੀ 22/08/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ---

1) ਜ਼ਿਲ੍ਹਾ ਚੋਣ ਅਫ਼ਸਰ, ਜਲੰਧਰ ਜੀ ਨੂੰ ਸੂਚਨਾ ਹਿੱਤ।

2) ਸਮੂਹ ਸੁਪਰਵਾਈਜਰ, ਚੋਣ ਹਲਕਾ-036(ਜਲੰਧਰ ਉੱਤਰੀ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਬੀ.ਐਲ.ਓ ਵੱਲੋਂ ਉਕਤ ਕੰਮ ਬਹੁਤ ਧੀਮੀ ਗਤੀ/ਨਾ ਹੀ ਕੰਮ ਸ਼ੁਰੂ ਕੀਤਾ ਹੈ ਇਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਉਹਨਾਂ ਨੂੰ ਕੰਮ ਨਾ ਕਰਨ ਸਬੰਧੀ ਨੋਟਿਸ ਜਾਰੀ ਕਰਕੇ ਰਿਪੋਰਟ ਲਈ ਜਾਵੇ ਅਤੇ ਹਰ ਬੂਥ ਦੀ ਹਫਤੇ ਵਿੱਚ ਦੋ ਵਾਰ ਰਿਪੋਰਟ ਸਮੇਤ ਦਸਤਖਤ ਭੇਜੀ ਜਾਵੇ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸ)
ਪਿਠ ਅੰਕਣ ਨੰ. ਅੰ/2023 23685
ਮਿਤੀ 23/8/23 ਜਲੰਧਰ

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
036- ਜਲੰਧਰ (ਉੱਤਰੀ)-ਕਮ-
ਵਧੀਕ ਮੁੱਖ ਪ੍ਰਸ਼ਾਸਕ, ਜੇਡੀਏ, ਜਲੰਧਰ

ਵੋਟਰ ਬਣੋ- ਜ਼ੁੰਮੇਵਾਰ ਬਣੋ
Be Voter- Be Responsible

ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ, ਅਸੈਂਬਲੀ ਸੈਗਮੈਂਟ 037-ਜਲੰਧਰ ਕੈਂਟ ਕਮ-ਰਿਜਨਲ ਟਰਾਂਸਪੋਰਟ ਅਥਾਰਟੀ, ਜਲੰਧਰ, E-mail ID :- ero.37jalcantt2017@gmail.com

ਹੁਣ ਕੋਈ ਨਹੀਂ ਰਹੇਗਾ, ਵੋਟ ਕਰਾਂਗੇ
PUNJAB VOTES
ਕਿਉਂਕਿ ਹਰ ਵੋਟ ਮਹੱਤਵਪੂਰਨ ਹੈ...

ਸੀ-4

ਵੱਲ — ਅਤਿ ਜ਼ਰੂਰੀ

1. ਜ਼ਿਲ੍ਹਾ ਸਿੱਖਿਆ ਅਫਸਰ, (ਸੈਕੰਡਰੀ/ਐਲੀਮੈਂਟਰੀ), ਜਲੰਧਰ
2. ਸਮੂਹ ਵਿਭਾਗਾਂ ਦੇ ਮੁਖੀ, ਜਿਲਾ ਜਲੰਧਰ।

ਪੱਤਰ ਨੰ: ਚੋਣ-2023/ 1952-55
ਮਿਤੀ: 31-8-2023

ਵਿਸ਼ਾ:- Special Summary Revision of Photo Electoral Rolls w.r.t. 01.01.2024 as the qualifying date-Regarding (Door to Door Survey from 21.07.2023 to 21.08.2023) Extend period 10 day i.e 31.08.2023.

ਹਵਾਲਾ: ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੇ ਦਫਤਰ ਦਾ ਪੱਤਰ ਨੰ. 2023/ਵਸ-3729 ਮਿਤੀ:04.07.2023 ਅਤੇ ਜਿਲ੍ਹਾ ਚੋਣ ਅਫਸਰ ਜੀ ਦੇ ਦਫਤਰ ਦਾ ਪੱਤਰ ਨੰ. ਚੋਣ-2023/3582-85 ਮਿਤੀ:13.07.2023 ਅਤੇ ਚੋਣ-2023/1853-56 ਮਿਤੀ 24.07.2023, ਚੋਣ-2023/1868-71 ਮਿਤੀ 26.07.2023 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਪਾਸੋਂ ਪ੍ਰਾਪਤ ਹਦਾਇਤਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਰਸਰੀ ਸੁਧਾਈ ਯੋਗਤਾ ਮਿਤੀ 01.01.2024 ਦੇ ਅਧਾਰ ਤੇ ਮਿਤੀ: 21.07.2023 ਤੋਂ ਬੀ.ਐਲ.ਓਜ਼ ਵੱਲੋ ਆਪਣੇ-ਆਪਣੇ ਬੂਥ ਦੇ ਏਰਿਐ ਵਿੱਚ ਡੋਰ-ਟੂ-ਡੋਰ ਸਰਵੇ ਕੀਤਾ ਜਾਣਾ ਹੈ। ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਬਤੌਰ ਬੀ.ਐਲ.ਓ ਵਿਧਾਨ ਸਭਾ ਚੋਣ ਹਲਕਾ 037-ਜਲੰਧਰ ਕੈਂਟ ਵਿਖੇ ਲੱਗੀ ਹੈ, ਉਹਨਾਂ ਨੂੰ ਲਿਖਤੀ ਰੂਪ ਵਿੱਚ ਹਦਾਇਤ ਕੀਤੀ ਜਾਵੇ ਕਿ ਉਹ ਇਸ ਕੰਮ ਨੂੰ ਮਿਤੀ: 21.07.2023 ਤੋਂ 21.08.2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ, ਹੁਣ ਪਹਿਲਾ ਜਾਰੀ ਹੁਕਮਾਂ ਦੀ ਲਗਾਤਾਰਤਾ ਵਿਚ ਸਰਵੇ ਦੇ ਕੰਮ ਲਈ 10 ਦਿਨ ਦਾ ਵਾਧਾ (31.08.2023) ਕੀਤਾ ਜਾਦਾ ਹੈ।

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ. ਇਸ ਸਮੇਂ ਦੌਰਾਨ ਸਮੂਹ ਟੀਚਿੰਗ/ਨਾਨ ਟੀਚਿੰਗ ਸਟਾਫ/ ਹੋਰ ਸਾਰੇ ਵਿਭਾਗਾਂ ਦੇ ਕਰਮਚਾਰੀ ਜੋ ਕਿ ਬਤੌਰ ਬੀ.ਐਲ.ਓ ਹਲਕੇ ਵਿੱਚ ਕੰਮ ਕਰ ਰਹੇ ਹਨ, ਨੂੰ ਇਸ ਸਮੇਂ ਦੌਰਾਨ ਮੁਕੰਮਲ ਤੌਰ ਤੇ ਦਫਤਰੀ ਸਕੂਲ ਡਿਊਟੀ ਤੋਂ ਹਰ ਹਫਤੇ ਪਿਛਲੇ ਚਾਰ ਦਿਨਾਂ (ਬੁੱਧਵਾਰ, ਵੀਰਵਾਰ, ਸ਼ੁਕਰਵਾਰ ਅਤੇ ਸ਼ਨੀਵਾਰ) ਲਈ ਫਾਰਗ ਕੀਤਾ ਜਾਵੇ। ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਲਿਖਤੀ ਤੌਰ ਤੇ ਬੀ.ਐਲ.ਓਜ਼ ਨੂੰ ਪਾਬੰਦ ਕਰਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਚੋਣਾ ਦੇ ਇਸ ਅਹਿਮ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ।

ਨੋਟ:- ਚੋਣ ਡਿਊਟੀ ਵਿੱਚ ਕੁਤਾਹੀ ਜਾਂ ਕਿਸੇ ਕਰਮਚਾਰੀ ਨੂੰ ਚੋਣ ਡਿਊਟੀ ਕਰਨ ਤੋਂ ਰੋਕਣ ਤੇ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਡੀ ਦੇ ਤਹਿਤ ਅਨੁਸਾਸਨੀਕ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

Electoral Registration Officer
AC-037 Jalandhar Cantt-
Cum-Secretary, Regional
Transport Authority, Jalandhar

ਪਿਠ ਅੰਕਣ ਨੰ ਅਤੇ ਮਿਤੀ ਉਕਤ

ਉਪਰੋਕਤ ਦਾ ਉਤਾਰਾ:-

1. ਮਾਨਯੋਗ ਜ਼ਿਲ੍ਹਾ ਚੋਣ ਅਫਸਰ, ਜਲੰਧਰ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਸੈਕਟਰ ਸੁਪਰਵਾਈਜ਼ਰ ਵਿਧਾਨ ਸਭਾ ਹਲਕਾ 037-ਜਲੰਧਰ ਕੈਂਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਬੀ.ਐਲ.ਓਜ. ਨੂੰ ਡਿਊਟੀ ਸਬੰਧੀ ਸੂਚਿਤ ਕਰ ਦਿੱਤਾ ਜਾਵੇ। ਅਤੇ ਪੱਤਰ ਵਿੱਚ ਦਰਜ ਅਨੁਸਾਰ ਰਿਪੋਰਟ ਹਫਤੇ ਦੇ ਹਰ ਰੋਜ ਉਸ ਦਿਨ ਸਰਵੇ ਕੀਤੇ ਵੋਟਰਾਂ ਦੀ ਗਿਣਤੀ ਇਸ ਦਫਤਰ ਨੂੰ ਭੇਜੀ ਜਾਵੇ।

Electoral Registration Officer
AC-037 Jalandhar Cantt-
Cum-Secretary, Regional
Transport Authority, Jalandhar

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਸੀ- 4/2023 23 6854
ਮਿਤੀ ਜਲੰਧਰ 23/8/23

ਉਪਰੋਕਤ ਦਾ ~~ਉਤਾਰਾ~~ ਸਬੰਧਤ ਸਕੂਲ ਮੁੱਖੀਆ ਨੂੰ ਭੇਜਕੇ ਲਿਖਿਆ ਜਾਂਦਾ ਹੈ। ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ
23/8/23

3160

ਵੋਟਰ ਬਣੋ-ਜ਼ਿੰਮੇਵਾਰ ਬਣੋ

*Be Voter-Be Responsible*

# Office of Sub Divisional Magistrate -cum- Electoral Registration Officer -031 Nakodar.

ero.nakodar031@gmail.com,01821-220043

Letter no...7234......

Dated ..23/8/2023..

ਵੱਲ,

1. ਜ਼ਿਲ੍ਹਾ ਸਿਖਿਆ ਅਫਸਰ ਸੈਕੰਡਰੀ ਅਤੇ ਪ੍ਰਾਇਮਰੀ, ਜਲੰਧਰ।
2. ਸਮੂਹ ਵਿਭਾਗਾਂ ਦੇ ਮੁੱਖੀ ਹਲਕਾ 031 ਨਕੋਦਰ।

11278 23/8/2023

ਵਿਸ਼ਾ: **Special Summary Revision of Photo Electoral Rolls w.r.t 01.01.2024 as the qualifying date regarding.**

ਹਵਾਲਾ: ਮਾਣਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੇ ਦਫਤਰ ਦੇ ਪੱਤਰ ਨੰ 2023/ਵ.ਸ- 3729 ਮਿਤੀ 04.07.2023 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਮਾਣਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਪਾਸੋਂ ਪ੍ਰਾਪਤ ਹਦਾਇਤਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਰਸਰੀ ਸੁਧਾਈ ਤੇ ਯੋਗਤਾ ਮਿਤੀ 01.01.2024 ਦੇ ਆਧਾਰ ਤੇ ਮਿਤੀ 01.07.2023 ਤੋਂ ਬੀ.ਐਲ.ਓਜ਼ ਵੱਲੋਂ ਆਪਣੇ ਆਪਣੇ ਬੂਥ ਵਿੱਚ ਡੋਰ ਟੂ ਡੋਰ ਸਰਵੇ ਕੀਤਾ ਜਾਣਾ ਹੈ। ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਕਰਮਚਾਰੀ ਜਿਹਨਾਂ ਦੀ ਡਿਊਟੀ ਬਤੌਰ ਬੀ.ਐਲ.ਓ ਵਿਧਾਨ ਸਭਾ ਚੋਣ ਹਲਕਾ 031 ਨਕੋਦਰ ਵਿਖੇ ਲੱਗੀ ਹੈ, ਉਹਨਾਂ ਨੂੰ ਲਿਖਤੀ ਰੂਪ ਵਿੱਚ ਹਦਾਇਤ ਕੀਤੀ ਜਾਵੇ ਕਿ ਉਹ ਇਸ ਕੰਮ ਨੂੰ ਮਿਤੀ **21.08.2023 ਤੋਂ 31.08.2023** ਤੱਕ ਹਰ ਹਾਲਾਤ ਵਿੱਚ ਮੁਕੰਮਲ ਕਰਨਗੇ ਅਤੇ ਇਸ ਸਬੰਧੀ ਆਪਣੇ ਸੁਪਰਵਾਈਜ਼ਰ ਰਾਹੀਂ ਕੀਤੇ ਕੰਮ ਦੀ ਰਿਪੋਰਟ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਸਕੂਲਾਂ/ਦਫਤਰਾਂ ਦੇ ਕੰਮਾਂ-ਕਾਰਾ ਨੂੰ ਦੇਖਦਿਆ ਮਿਤੀ 21.07.2023 ਤੋਂ ਚੱਲ ਰਹੇ ਡੋਰ ਟੂ ਡੋਰ ਸਰਵੇ ਦੇ ਕੰਮ ਵਿੱਚ ਹਫਤੇ ਵਿੱਚ ਆਉਣ ਵਾਲੇ ਸੋਮਵਾਰ ਨੂੰ ਹੀ ਆਪਣੇ ਸਕੂਲ/ਦਫਤਰ/ਵਿਭਾਗ ਵਿਖੇ ਹਾਜ਼ਰ ਆਇਆ ਜਾਵੇ ਅਤੇ ਇਸ ਕੰਮ ਨੂੰ ਨਿਰਧਾਰਤ ਮਿਤੀ 31.08.2023 ਤੱਕ ਹਰ ਹਾਲਤ ਵਿੱਚ ਮੁਕੰਮਲ ਕੀਤਾ ਜਾਵੇ।

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਇਸ ਦੌਰਾਨ ਟੀਚਿੰਗ/ਨਾਨ-ਟੀਚਿੰਗ ਸਟਾਫ/ਹੋਰ ਸਾਰੇ ਵਿਭਾਗਾਂ ਦੇ ਕਰਮਚਾਰੀ ਜੋ ਕਿ ਬਤੌਰ ਬੀ.ਐਲ.ਓ ਹਲਕੇ ਵਿੱਚ ਕੰਮ ਕਰ ਰਹੇ ਹਨ, ਨੂੰ ਇਸ ਸਮੇਂ ਦੌਰਾਨ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਦਫਤਰੀ/ਸਕੂਲੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਲਿਖਤੀ ਤੌਰ ਤੇ ਬੀ.ਐਲ.ਓਜ਼ ਨੂੰ ਪਾਬੰਦ ਕਰਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਚੋਣਾਂ ਦੇ ਇਸ ਅਹਿਮ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ। **ਜੇਕਰ ਕਿਸੇ ਸਕੂਲ ਵਿੱਚ ਇਕ ਜਾਂ ਇਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ ਲੱਗੀ ਹੈ, ਤਾਂ ਜ਼ਿਲ੍ਹਾ ਸਿਖਿਆ ਅਫਸਰ ਸੈਕੰਡਰੀ ਅਤੇ ਪ੍ਰਾਇਮਰੀ, ਜਲੰਧਰ ਅਤੇ ਸਬੰਧਤ ਬੀ.ਪੀ.ਈ.ਓ ਉਸ ਸਕੂਲ ਵਿੱਚ ਅਧਿਆਪਕ ਦੇ ਪ੍ਰਬੰਧ ਕਰਨ ਦੇ ਜ਼ਿੰਮੇਵਾਰ ਹੋਣਗੇ। ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।**

ਉਪਰੋਕਤ ਤੋਂ ਇਲਾਵਾ ਵਿਧਾਨ ਸਭਾ ਚੋਣ ਹਲਕਾ 031 ਨਕੋਦਰ ਵਿੱਚ ਕੰਮ ਕਰ ਰਹੇ ਸੈਕਟਰ ਅਫਸਰ ਨੂੰ ਮਿਤੀ 24.08.2023 ਦਿਨ ਵੀਰਵਾਰ ਨੂੰ ਰਲੀਵ ਕਰ ਦਿੱਤਾ ਜਾਵੇ (ਭਾਵ ਇੱਕ ਦਿਨ ਲਈ), ਤਾਂ ਜੋ ਸਰਵੇ ਦੇ ਕੰਮ ਲਈ ਤਿਆਰ ਹੋਣ ਵਾਲੀ ਰਿਪੋਰਟ ਨੂੰ ਕੰਪਾਇਲ ਕਰਕੇ ਮਾਣਯੋਗ ਜ਼ਿਲ੍ਹਾ ਚੋਣ ਅਫਸਰ, ਜਲੰਧਰ ਜੀ ਨੂੰ ਭੇਜੀ ਜਾ ਸਕੇ।

ਨੋਟ: ਚੋਣ ਡਿਊਟੀ ਵਿੱਚ ਕੁਤਾਹੀ ਜਾਂ ਕਿਸੇ ਕਰਮਚਾਰੀ ਨੂੰ ਚੋਣ ਡਿਊਟੀ ਕਰਨ ਤੋਂ ਰੋਕਣ ਤੇ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 (ਡੀ) ਤਹਿਤ ਪ੍ਰਸ਼ਾਸਕੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਪ ਮੰਡਲ ਮੈਜਿਸਟਰੇਟ-ਕਮ-
ਚੋਣਕਾਰ ਰਜਿਸਟ੍ਰੇਸ਼ਨ ਅਫਸਰ,
031-ਨਕੋਦਰ ।

ਪਿੱਠ ਅੰਕਣ ਨੰ....7235-36../ਚੋਣ ਮਿਤੀ....23/8/2023

ਇਸ ਦਾ ਇੱਕ ਉਤਾਰਾ

1. ਜਿਲ੍ਹਾ ਚੋਣ ਅਫਸਰ ਜਲੰਧਰ ਜੀ ਨੂੰ ਸੂਚਨਾਂ ਹਿੱਤ ।
2. ਸਮੂਹ ਸੈਕਟਰ ਅਫਸਰ ਚੋਣ ਹਲਕਾ 031 ਨਕੋਦਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਹਰ ਬੂਥ ਦੀ ਹਫਤੇ ਵਿੱਚ ਦੋ ਵਾਰ ਰਿਪੋਰਟ ਸਮੇਤ ਦਸਤਖਤ ਭੇਜੀ ਜਾਵੇ।

ਉਪ ਮੰਡਲ ਮੈਜਿਸਟਰੇਟ-ਕਮ-
ਚੋਣਕਾਰ ਰਜਿਸਟਰੇਸ਼ਨ ਅਫਸਰ,
031-ਨਕੋਦਰ ।

ਦਫਤਰ ਜ਼ਿਲ੍ਹਾ ਸਿਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਏ-4/2023 236855
ਮਿਤੀ 23/8/23

Scanned with CamScanner

8505

ਵੋਟਰ ਬਣੋ-ਜ਼ਿੰਮੇਵਾਰ ਬਣੋ | Be Voter-Be Responsible

# Office of Sub Divisional Magistrate -cum- Electoral Registraion Officer -031 Nakodar.

ero.nakodar031@gmail.com,01821-220043

Letter ...7337/Elec. Dated ...23/8/2023

ਹੁਕਮ

ਇਹਨਾਂ ਹੁਕਮਾਂ ਰਾਹੀਂ ਮੈ ਕੰਵਲਜੀਤ ਸਿੰਘ (ਪੀ.ਸੀ.ਐਸ )ਐਸ.ਡੀ.ਐਮ ਨਕੋਦਰ ਹੇਠ ਲਿਖੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬੀ.ਐਲ.ਓਜ ਵਜੋਂ ਨਿਯੁਕਤ ਕਰਦਾ ਹਾਂ ਅਤੇ ਇਹਨਾਂ ਅਧਿਕਾਰੀ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਪ੍ਰਾਪਤ ਹੋਣ ਵਾਲਿਆਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ । ਅਜਿਹਾ ਨਾ ਕਰਨ ਦੀ ਸੂਰਤ ਵਿਚ ਆਪ ਖਿਲਾਫ਼ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 1950 (32B) ਅਨੁਸਾਰ ਕਾਰਵਾਈ ਕਰਨ ਤੇ ਕੋਈ ਗੁਰੇਜ ਨਹੀਂ ਕੀਤਾ ਜਾਵੇਗਾ ।

ਇਹ ਹੁਕਮ ਤੁਰੰਤ ਪ੍ਰਭਾਵ ਵਿਚ ਲਾਗੂ ਕੀਤੇ ਜਾਂਦੇ ਹਨ ।

ਜੀ-4 23/8/23

112780 23/8/2023

| ਲੜੀ ਨੰ | (ਸ੍ਰੀ/ਸ੍ਰੀਮਤੀ )ਨਾਮ ਅਤੇ ਮੋਬਾਇਲ ਨੰ | ਅਹੁਦਾ ਅਤੇ ਸਕੂਲ ਦਫਤਰ/ਵਿਭਾਗ ਦਾ ਨਾਮ | ਅਲਾਟ ਕੀਤੇ ਗਏ ਪੋਲਿੰਗ ਬੂਥ ਨੰ |
|---|---|---|---|
| 1. | ਮਨਿੰਦਰਜੀਤ ਸਿੰਘ (8528872194) | ਸਾਇੰਸ ਅਧਿਆਪਕ ,ਸ.ਪ੍ਰ.ਸਕੂਲ ਬੱਲਨੇ | 22 |
| 2. | ਹਰਪ੍ਰੀਤ (9855301371) | ਸਾਇੰਸ ਅਧਿਆਪਕ,ਸ.ਸ.ਸੰ.ਸਕੂਲ ਸਰੀਹ | 107 |
| 3. | ਰਿੰਪੀ ਰਾਣੀ (9466924519) | ਈ.ਟੀ.ਟੀ ਟੀਚਰ ,ਸ.ਪ੍ਰਸਕੂਲ ਕੋਟ ਬਾਦਲ ਖਾਂ | 196 |

**ਆਪ ਵੱਲੋਂ ਜੇਕਰ ਉਪਰੋਕਤ ਡਿਊਟੀ ਨੂੰ ਜੁਆਇਨ ਨਹੀਂ ਕੀਤਾ ਜਾਂਦਾ ਹੈ ਤਾਂ ਆਪ ਦੇ ਸਬੰਧਤ ਵਿਭਾਗ ਨੂੰ ਆਪ ਨੂੰ ਮਿਲਣ ਵਾਲੀ ਤਨਖਾਹ ਤੇ ਰੋਕ ਲਾਉਣ ਲਈ ਲਿਖ ਦਿੱਤਾ ਜਾਵੇਗਾ ।**

ਉਪ ਮੰਡਲ ਮੈਜਿਸਟਰੇਟ-ਕਮ-
ਚੋਣਕਾਰ ਰਜਿਸਟਰੇਸ਼ਨ ਅਫਸਰ,
031-ਨਕੋਦਰ।

ਪਿਠ ਅੰਕਣ ਨੰ ...7338-41........ਚੋਣ/ਮਿਤੀ ...23/8/2023

ਇਸ ਦਾ ਇੱਕ ਉਤਾਰਾ

1. ਜਿਲ੍ਹਾ ਚੋਣ ਅਫਸਰ ਜਲੰਧਰ ਜੀ ਨੂੰ ਸੂਚਨਾਂ ਹਿੱਤ ।
2. ਜਿਲ੍ਹਾ ਸਿਖਿਆ ਅਫਸਰ ਪ੍ਰਾਇਮਰੀ ਅਤੇ ਸਕੈਂਡਰੀ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਧਿਕਾਰੀ/ਕਰਮਚਾਰੀ ਨੂੰ ਤੁਰੰਤ ਡਿਊਟੀ ਤੇ ਜਾਣ ਲਈ ਲਿਖਿਆ ਜਾਵੇ ।
3. ਸੀ.ਡੀ.ਪੀ.ਓ ਨਕੋਦਰ/ਨੂਰਮਹਿਲ ਨੂੰ ਸੂਚਨਾਂ ਹਿੱਤ ।
4. ਸਬੰਧਤ ਸੈਕਟਰ ਅਫਸਰ 031 ਨਕੋਦਰ ਨੂੰ ਸੂਚਨਾਂ ਹਿੱਤ ।

ਦਫ਼ਤਰ ਜਿਲ੍ਹਾ ਸਿਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਜੀ-4/2023 236857
ਮਿਤੀ ਜਲੰਧਰ 23/8/23

ਉਪ ਮੰਡਲ ਮੈਜਿਸਟਰੇਟ-ਕਮ-
ਚੋਣਕਾਰ ਰਜਿਸਟਰੇਸ਼ਨ ਅਫਸਰ,
031-ਨਕੋਦਰ।

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸਕੂਲ ਸਰੀਹ ਸਬੰਧਤ ਨੂੰ ਭੇਜਦੇ ਲਿਖਿਆ ਜਾਂਦਾ ਹੈ ਕਿ ਸਰਕਾਰ/ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰਮਚਾਰੀ ਨੂੰ ਸਕੂਲ ਦੇ ਕੰਮ ਦੇ ਨਾਲ-ਨਾਲ ਲਗਾਈ ਗਈ ਡਿਊਟੀ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿਖਿਆ ਅਫਸਰ (ਸ.ਸ.)
ਜਲੰਧਰ
23/8/23

Scanned with CamScanner

PUNJAB STATE ELECTION COMMISSION

ਚੋਣਕਾਰ ਰਜਿਸ਼ਟਰੇਸ਼ਨ ਅਫਸਰ,
-ਕਮ-ਸੰਯੁਕਤ ਕਮਿਸ਼ਨਰਨਗਰ ਨਿਗਮ
ਜਲੰਧਰ,
ਲੋਕ ਸਭਾ ਚੋਣ ਹਲਕਾ-038 ਆਦਮਪੁਰ।

VOTER AWARENESS FORUMS

No Voter to be Left Behind

ਵੱਲ

1 ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਅਤੇ ਪ੍ਰਾਇਮਰੀ)
2 ਸਮੂਹ ਵਿਭਾਗਾਂ ਦੇ ਮੁਖੀ
ਜਲੰਧਰ।

ਪੱਤਰ ਨੰ: ਈ.ਸੀ./2023/ 861 ਮਿਤੀ:- 22-8-2023

ਵਿਸ਼ਾ:- ਵਿਧਾਨ ਸਭਾ ਚੋਣ ਹਲਕਾ 038-ਆਦਮਪੁਰ-Regrding Special Summary Revision of Photo Electoral Rolls ( w.r..t 01-01-2024 as the qualifying date)- House to House Verification by BLOs.

ਹਵਾਲਾਂ:- ਇਸ ਦਫ਼ਤਰ ਦੇ ਪੱਤਰ ਨੰ: 2023/840 ਮਿਤੀ 25-07-2023 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਮੁੱਖ ਚੋਣ ਦਫਤਰ ਪੰਜਾਬ ਚੰਡੀਗੜ ਦੇ ਪੱਤਰ ਨੰ: 2023/ਵਸ-3897 ਮਿਤੀ 13-07-2023 ਦੇ ਆਧਾਰ ਤੇ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵਲੋ ਜਾਰੀ ਯੋਗਤਾ ਮਿਤੀ 01-01-2024 ਦੇ ਆਧਾਰ ਤੇ ਫੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜ਼ਨ ਦਾ ਪ੍ਰੋਗਰਾਮ ਅਨੁਸਾਰ ਮਿਤੀ 21-07-2023 ਤੋਂ 21-08-2023 ਤੱਕ ਬੀ.ਐਲ.ਓਜ਼ ਵਲੋ ਘਰ-ਘਰ ਜਾ ਕੇ ਵੈਰੀਵਿਕੇਸ਼ਨ ਦਾ ਕੰਮ ਕੀਤਾ ਜਾਣਾ ਸੀ ਪ੍ਰੰਤੂ ਭਾਰਤ ਚੋਣ ਕਮਿਸ਼ਨ ਦੇ ਪੱਤਰ ਨੰ: 23/PB/2023/NS/-1 ਮਿਤੀ 25-07-2023 ਜਿਲ੍ਹਾ ਚੋਣ ਅਫ਼ਸਰ, ਜਲੰਧਰ ਜੀ ਦੇ ਪੱਤਰ ਨੰ: ਚੋਣ 2023/3713 ਮਿਤੀ 28-07-2023 ਵਿੱਚ ਦਰਜ ਹਦਾਇਤਾਂ ਅਨੁਸਾਰ ਸਰਵੇ ਦੇ ਕੰਮ ਲਈ 10 ਦਿਨ ਦਾ ਵਾਧਾ ਕੀਤਾ ਗਿਆ ਹੈ, ਇਸ ਲਈ ਆਪ ਅਧੀਨ ਕੰਮ ਕਰਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਵਿਧਾਨ ਸਭਾ ਚੋਣ ਹਲਕਾ 038-ਆਦਮਪੁਰ ਵਿਖੇ ਬਤੌਰ ਬੀ.ਐਲ.ਓਜ਼/ਸੁਪਰਵਾਇਜ਼ਰ ਲੱਗੀ ਹੈ, ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਹਦਾਇਤ ਕੀਤੀ ਜਾਵੇ ਕਿ ਜੇਕਰ ਉਨ੍ਹਾਂ ਦਾ ਕੰਮ ਮੁਕੰਮਲ ਨਹੀਂ ਹੈ ਤਾਂ ਉਹ ਇਸ ਕੰਮ ਲਈ ਮਿਲੇ ਵਾਧੂ ਸਮੇਂ ਵਿੱਚ ਮਿਤੀ 31-08-2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਅਤੇ ਕੀਤੇ ਜਾ ਰਹੇ ਕੰਮ ਦੀ ਪ੍ਰਗਤੀ ਰਿਪੋਰਟ ਹਰ ਸੋਮਵਾਰ ਅਤੇ ਵੀਰਵਾਰ ਨੂੰ ਸੁਪਰਵਾਇਜ਼ਰ ਰਾਹੀਂ ਨਿਮਨਹਸਤਾਖਰੀ ਨੂੰ ਭੇਜਣਗੇ ਅਤੇ ਇਸ ਤੋਂ ਇਲਾਵਾ ਮਿਤੀ 17-10-2023 ਨੂੰ ਫੋਟੋ ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾਂ ਕੀਤੀ ਜਾਣੀ ਹੈ। ਇਸ ਲਈ ਬੀ.ਐਲ.ਓਜ਼ ਨੂੰ ਇਸ ਕੰਮ ਲਈ ਵਿਭਾਗਾਂ ਤੋਂ ਫਾਰਗ ਕੀਤਾ ਜਾਵੇ ਅਤੇ ਕਿਸੇ ਹੋਰ ਵਿਭਾਗੀ ਕੰਮ ਲਈ ਵਾਧੂ ਡਿਊਟੀ ਨਾ ਲਗਾਈ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇਕ ਜਾਂ ਇਕ ਤੋਂ ਵਧ ਕਰਮਚਾਰੀਆਂ ਦੀ ਡਿਊਟੀ ਬਤੌਰ ਸੁਪਰਵਾਇਜ਼ਰ/ਬੀ.ਐਲ.ਓ ਲੱਗੀ ਹੈ, ਤਾਂ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ/ਐ.ਸਿ) ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਲਈ ਜਿੰਮੇਵਾਰ ਹੋਣਗੇ।

ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ ਅਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਜਾਵੇ।

ਚੋਣਕਾਰ ਰਜਿਸ਼ਟਰੇਸ਼ਨ ਅਫਸਰ,
-ਕਮ-ਸੰਯੁਕਤ ਕਮਿਸ਼ਨਰ ਨਗਰ ਨਿਗਮ ਜਲੰਧਰ,
ਲੋਕ ਸਭਾ ਚੋਣ ਹਲਕਾ-038 ਆਦਮਪੁਰ।

ਦਫਤਰ ਜਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ:
ਮਿਤੀ ਜਲੰਧਰ